
## ਪਾਠ : 21

## ਪੁਲਾੜ-ਪਰੀ : ਸੁਨੀਤਾ ਵਿਲੀਅਮਜ਼ (ਲੇਖਕ : ਡਾ. ਕੁਲਦੀਪ ਸਿੰਘ ਧੀਰ)

### ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਸੁਨੀਤਾ ਵਿਲੀਅਮਜ਼ ਦੇ ਮਾਤਾ-ਪਿਤਾ ਦਾ ਕੀ ਨਾਂ ਸੀ ਅਤੇ ਉਹ ਮੂਲ ਰੂਪ ਵਿੱਚ ਕਿੱਥੋਂ ਦੇ ਨਿਵਾਸੀ ਸਨ?**

ਉੱਤਰ : ਸੁਨੀਤਾ ਵਿਲੀਅਮਜ਼ ਦੇ ਪਿਤਾ ਡਾ. ਦੀਪਕ ਪਾਂਡੇ ਤੇ ਮਾਤਾ ਬੋਨੀ ਉਰਸਾਲੀਨ ਜ਼ੁਲੋਕਰ ਸਨ। ਉਸ ਦੇ ਪਿਤਾ ਮੂਲ ਰੂਪ ਵਿੱਚ ਭਾਰਤ ਦੇ ਅਤੇ ਮਾਤਾ ਮੂਲ ਰੂਪ ਵਿੱਚ ਯੂਗੋਸਲਾਵੀਆ ਦੇ ਨਿਵਾਸੀ ਸਨ।

**ਪ੍ਰਸ਼ਨ ਅ. ਸੁਨੀਤਾ ਵਿਲੀਅਮਜ਼ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਅਤੇ ਉਸ ਦੇ ਕਿੰਨੇ ਭੈਣ-ਭਰਾ ਸਨ?**

ਉੱਤਰ : ਸੁਨੀਤਾ ਵਿਲੀਅਮਜ਼ ਦਾ ਜਨਮ 1 ਸਤੰਬਰ, 1965 ਵਿੱਚ ਯੂਕਲਿਡ ਵਿਖੇ ਹੋਇਆ। ਉਸ ਦਾ ਇੱਕ ਭਰਾ ਤੇ ਇੱਕ ਭੈਣ ਸੀ।

**ਪ੍ਰਸ਼ਨ ੲ. ਸੁਨੀਤਾ ਦਾ ਬਚਪਨ ਵਰਣਨ ਕਰੋ।**

ਉੱਤਰ : ਪਰਿਵਾਰ ਵਿੱਚ ਬਹੁਤ ਲਾਡਲੀ ਸੁਨੀਤਾ ਦਾ ਪਾਲਣ-ਪੋਸਣ ਬੋਸਟਨ ਵਿੱਚ ਹੋਇਆ ਤੇ ਇੱਥੇ ਹੀ ਉਹ ਪੜ੍ਹੀ ਲਿਖੀ। ਸੁਨੀਤਾ ਨੇ ਪੜ੍ਹਾਈ ਦੇ ਨਾਲ਼-ਨਾਲ਼ ਖੇਡਾਂ ਵਿੱਚ ਵੀ ਵਿਸ਼ੇਸ਼ ਰੁਚੀ ਲਈ। ਛੇ ਸਾਲ ਦੀ ਉਮਰ ਵਿੱਚ ਹੀ ਤੈਰਾਕੀ ਪ੍ਰਤੀਯੋਗਤਾ ਵਿੱਚ ਉਸ ਨੇ ਪੰਜ ਮੈਡਲ ਜਿੱਤੇ।

**ਪ੍ਰਸ਼ਨ ਸ. ਸੁਨੀਤਾ ਵਿਲੀਅਮਜ਼ ਨੇ ਵਿੱਦਿਆ ਕਿੱਥੋਂ ਤੇ ਕਿੱਥੋਂ ਤੱਕ ਪ੍ਰਾਪਤ ਕੀਤੀ ?**

ਉੱਤਰ : ਉਸ ਨੇ ਬਾਰ੍ਹਵੀਂ ਤੱਕ ਪੜ੍ਹਾਈ ਬੋਸਟਨ ਵਿੱਚ ਕੀਤੀ। ਉਸ ਤੋਂ ਬਾਅਦ ਅਮਰੀਕੀ ਨੈਵਲ ਅਕੈਡਮੀ ਤੋਂ 1987 ਵਿੱਚ ਬੀ.ਐੱਸ.ਸੀ. ਪਾਸ ਕੀਤੀ ਤੇ ਫਿਰ ਨੇਵੀ ਵਿੱਚ ਭਰਤੀ ਹੋ ਗਈ।

**ਪ੍ਰਸ਼ਨ ਹ. ਸੁਨੀਤਾ ਨੂੰ ਪੁਲਾੜ ਯਾਤਰਾ ਦੀ ਟ੍ਰੇਨਿੰਗ ਲਈ ਕਦੋਂ ਤੇ ਕਿਵੇਂ ਚੁਣਿਆ ਗਿਆ?**

ਉੱਤਰ : ਸੁਨੀਤਾ ਨੂੰ ਜਦੋਂ ਪਤਾ ਲੱਗਾ ਕਿ ਇੱਕ ਪੁਲਾੜ-ਯਾਤਰੀ ਲਈ ਹੈਲੀਕਾਪਟਰ ਚਲਾਉਣ ਦੀ ਟ੍ਰੇਨਿੰਗ ਜ਼ਰੂਰੀ ਹੈ, ਤਾਂ ਉਸ ਨੇ ਪੁਲਾੜ ਯਾਤਰਾ ਲਈ ਨਾਸਾ ਨੂੰ ਅਰਜ਼ੀ ਭੇਜ ਦਿੱਤੀ। 1998 ਵਿੱਚ ਉਸ ਨੂੰ ਪੁਲਾੜ-ਯਾਤਰਾ ਦੀ ਟ੍ਰੇਨਿੰਗ ਲਈ ਚੁਣ ਲਿਆ ਗਿਆ।

**ਪ੍ਰਸ਼ਨ ਕ. ਸੁਨੀਤਾ ਵਿਲੀਅਮਜ਼ ਨੇ ਪੁਲਾੜੀ ਸਟੇਸ਼ਨ ਦੀ ਸਾਂਭ-ਸੰਭਾਲ਼ ਦੇ ਤਜਰਬਿਆਂ ਦੇ ਖੇਤਰ ਵਿੱਚ ਕੀ ਕੰਮ ਕੀਤਾ?**

ਉੱਤਰ : ਉਹ 195 ਦਿਨ ਪੁਲਾੜ ਵਿੱਚ ਰਹੀ, ਚਾਰ ਵਾਰੀ ਪੁਲਾੜੀ-ਜਹਾਜ਼ ਤੋਂ ਬਾਹਰ ਨਿਕਲ਼ ਕੇ ਸਪੇਸ-ਵਾਕਿੰਗ ਕੀਤੀ ਅਤੇ 29 ਘੰਟੇ 17 ਮਿੰਟ, ਸਪੇਸ-ਵਾਕਿੰਗ ਕਰ ਕੇ ਰਿਕਾਰਡ ਕਾਇਮ ਕੀਤਾ। ਉਸ ਨੇ ਪੁਲਾੜੀ-ਜਹਾਜ਼ ਵਿੱਚ ਲੱਗੀ ਟ੍ਰੈਡ-ਮਿੱਲ ਉੱਤੇ ਦੌੜ ਕੇ ਧਰਤੀ ਉੱਤੇ ਹੋ ਰਹੀ ਮੈਰਾਥਨ ਦੌੜ ਵਿੱਚ ਹਿੱਸਾ ਲੈ ਕੇ ਇੱਕ ਰਿਕਾਰਡ ਸਥਾਪਿਤ ਕੀਤਾ ।

**ਪ੍ਰਸ਼ਨ ਖ. ਸੁਨੀਤਾ ਵਿਲੀਅਮਜ਼ ਧਰਤੀ 'ਤੇ ਕਦੋਂ ਵਾਪਸ ਆਈ ਤੇ ਭਾਰਤ ਸਰਕਾਰ ਨੇ ਉਸ ਨੂੰ ਕਿਹੜਾ ਪੁਰਸਕਾਰ ਪ੍ਰਦਾਨ ਕੀਤਾ?**

ਉੱਤਰ : ਸੁਨੀਤਾ ਵਿਲੀਅਮਜ਼ 22 ਜੂਨ, 2007 ਦੀ ਰਾਤ ਨੂੰ ਧਰਤੀ ਉੱਤੇ ਵਾਪਸ ਆਈ। ਭਾਰਤ ਸਰਕਾਰ ਨੇ ਉਸ ਨੂੰ ਸਰਵੋਤਮ ਸਿਵਲੀਅਨ ਪੁਰਸਕਾਰ ਪਦਮ ਭੂਸ਼ਣ ਪ੍ਰਦਾਨ ਕੀਤਾ।

### ਵਾਕਾਂ ਵਿੱਚ ਵਰਤੋ :

1. **ਪਾਲਣ-ਪੋਸਣ (ਪਾਲਣ)–** ਸੁਨੀਤਾ ਦਾ ਪਾਲਣ-ਪੋਸਣ ਬੋਸਟਨ ਵਿੱਚ ਹੋਇਆ।
2. **ਅੰਬਰਾਂ ਵਿੱਚ ਉਡਾਰੀਆਂ (ਪੁਲਾੜ ਵਿੱਚ ਉੱਡਣਾ)–** ਸੁਨੀਤਾ ਵਿਲੀਅਮਜ਼ ਨੇ ਅੰਬਰਾਂ ਵਿੱਚ ਉਡਾਰੀਆਂ ਮਾਰ ਭਾਰਤ ਦਾ ਸਿਰ ਮਾਣ ਨਾਲ਼ ਉੱਚਾ ਕੀਤਾ।
3. **ਔਖ-ਸੌਖ ਝਾਗਣਾ (ਮੁਸ਼ਕਲਾਂ ਦਾ ਮੁਕਾਬਲਾ ਕਰਨਾ)–** ਸੁਨੀਤਾ ਛੋਟੇ ਹੁੰਦੇ ਹੀ ਔਖ-ਸੌਖ ਝਾਗਣਾ ਸਿੱਖ ਗਈ ਸੀ।
4. **ਸਾਂਭ-ਸੰਭਾਲ਼ (ਸੰਭਾਲ਼ਣਾ)–** ਮੈਨੂੰ ਬੂਟਿਆਂ ਦੀ ਸਾਂਭ-ਸੰਭਾਲ਼ ਦਾ ਬਹੁਤ ਸ਼ੌਕ ਹੈ।
5. **ਸਥਾਪਿਤ ਕਰਨਾ (ਕਾਇਮ ਕਰਨਾ)–** ਕਰੋਨਾ ਦੌਰਾਨ ਲੋਕਾਂ ਦੀ ਮਦਦ ਲਈ ਕਈ ਕੈਂਪ ਸਥਾਪਿਤ ਕੀਤੇ ਗਏ।
6. **ਨਾਗਰਿਕਤਾ (ਕਿਸੇ ਦੇਸ ਦਾ ਵਾਸੀ ਹੋਣ ਦਾ ਹੱਕ)–** ਸੁਨੀਤਾ ਵਿਲੀਅਮਜ਼ ਦੇ ਪਿਤਾ ਕੋਲ਼ ਅਮਰੀਕਾ ਦੀ ਨਾਗਰਿਕਤਾ ਸੀ।

**ਯੋਜਕ :** ਜਿਹੜਾ ਸ਼ਬਦ ਦੋ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਜੋੜਦਾ ਹੈ, ਉਸ ਨੂੰ ਯੋਜਕ ਕਿਹਾ ਜਾਂਦਾ ਹੈ; ਜਿਵੇਂ :- ਜਸਵਿੰਦਰ **ਤੇ** ਦੀਪਕ ਦੋਸਤ ਹਨ।

**ਹੇਠ ਲਿਖੇ ਵਾਕਾਂ ਵਿੱਚੋਂ ਯੋਜਕ ਲੱਭ ਕੇ ਲਿਖੋ :**

1. ਉਹ ਭਾਰਤ ਵਿੱਚ **ਭਾਵੇਂ** ਜੰਮੀ ਨਹੀਂ **ਪਰੰਤੂ** ਉਹ ਇੱਕ ਭਾਰਤੀ ਡਾਕਟਰ ਦੀਪਕ ਪਾਂਡੇ ਦੀ ਧੀ ਹੈ।
2. ਉਸ ਦਾ ਇੱਕ ਭਰਾ **ਤੇ** ਇੱਕ ਭੈਣ ਉਸ ਤੋਂ ਵੱਡੇ ਸਨ।
3. ਉਸ ਨੇ ਦੱਸਿਆ **ਕਿ** ਪੁਲਾੜ-ਯਾਤਰੀ ਦੀ ਨਿਗ ਵਜੋਂ ਉਸ ਨੂੰ ਹੈਲੀਕਾਪਟਰ ਚਲਾਉਣਾ ਸਿੱਖਣਾ ਪਿਆ ਸੀ।
4. ਸੁਨੀਤਾ ਨੇ ਇਸ ਪੁਲਾੜੀ ਸਟੇਸ਼ਨ ਦੀ ਸਾਂਭ-ਸੰਭਾਲ਼ **ਤੇ** ਤਜਰਬਿਆਂ ਦੇ ਖੇਤਰ ਵਿੱਚ ਬੜਾ ਕੰਮ ਕੀਤਾ ਹੈ।